# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ

ਵੱਲ

ਸਮੂਹ ਪ੍ਰਿੰਸੀਪਲ/ਮੁਖਅਧਿਆਪਕ
ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲ
ਜਿਲ੍ਹਾ ਅੰਮ੍ਰਿਤਸਰ।

ਅਤੀ ਜ਼ਰੂਰੀ

ਪੱਤਰ ਨੰ: ਗਾਈਡੈਂਸ ਕਾਊਂਸਲਰ/2016-08-12
ਮਿਤੀ :- 11-01-2016

ਵਿਸ਼ਾ ਕੈਰੀਅਰ ਗਾਈਡੈਂਸ ਚੇਤਨਾ ਲਹਿਰ ਸਬੰਧੀ ਸੈਮੀਨਾਰ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਦੇ ਧਿਆਨ ਵਿਚ ਲਿਆਦਾ ਜਾਂਦਾ ਹੈ ਕਿ ਮਿਤੀ 15-01-2016 ਨੂੰ ਰਾਜ ਪਧੱਰੀ ਕੈਰੀਅਰ ਗਾਈਡੈਂਸ ਚੇਤਨਾ ਲਹਿਰ ਸਬੰਧੀ ਸੈਮੀਨਾਰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਰਹਿਨੁਮਾਈ ਹੇਠਾਂ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਖੇ ਸਵੇਰੇ 10-00 ਵਜੇ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਮੰਤਰੀ ਜੀ ਤੋ ਇਲਾਵਾਂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਅਤੇ ਡਿਪਟੀ ਡਾਇਰੈਕਟਰ ਗਾਈਡੈਂਸ ਬਿਊਰੋ ਪੰਜਾਬ ਜੀ ਵੀ ਸ਼ਿਰਕਤ ਕਰਨਗੇ, ਸੋ ਜਿਲ੍ਹੇ ਦੇ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਦੇ ਸਕੂਲ ਮੁਖੀ ਨਿੱਜੀ ਤੋਰ ਤੇ ਇਸ ਪ੍ਰੋਗਰਾਮ ਵਿਚ ਹਿੱਸਾ ਲੈਣਾ ਯਕੀਨੀ ਬਣਾਉਣਗੇ। ਇਸ ਤੋ ਇਲਾਵਾ ਸਾਰੇ ਕਲਸਟਰ ਗਾਈਡੈਂਸ ਰਿਸੋਰਸ ਪਰਸਨ ਅਤੇ ਜਿਲ੍ਹੇ ਦੇ ਸਾਰੇ ਸਟੇਟ ਤੇ ਨੈਸ਼ਨਲ ਅਵਾਰਡੀ ਇਸ ਪ੍ਰੋਗਰਾਮ ਵਿਚ ਹਾਜਰ ਹੋਣਗੇ।

ਇਸ ਸੈਮੀਨਾਰ ਤੋ ਬਾਅਦ ਸਕੂਲ ਮੁਖੀਆਂ ਦੀ ਮਾਸਕ ਮੀਟਿੰਗ ਹੋਵੇਗੀ ਜਿਸ ਦਾ ਏਜੰਡਾ ਨਾਲ ਨੱਥੀ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ
11-01-2016

ਪਿੰਠ ਅੰਕਣ ਨੰ: ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਪ੍ਰੋਗਰਾਮ ਵਿਚ ਹਾਜਰ ਹੋਣ ਲਈ ਭੇਜਿਆ ਜਾਂਦਾ ਹੈ।

1) ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਲਿਖਿਆ ਜਾਂਦਾ ਹੈ ਕਿ ਆਪਣੀ ਅਤੇ ਆਪਣੇ ਅਧੀਨ ਸਮੂਹ ਬਲਾਕ ਸਿੱਖਿਆ ਅਫਸਰਾਂ ਦੀ ਹਾਜਰੀ ਯਕੀਨੀ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।
2) ਉਪ ਜਿਲ੍ਹਾ ਸਿੱਖਿਆ ਅਫਸਰ (ਇਸ ਦਫਤਰ ਵਿਚ)
3) ਜਿਲ੍ਹਾ ਸਾਇੰਸ ਸੁਪਰਵਾਈਜਰ (ਇਸ ਦਫਤਰ ਵਿਚ)
4) ਸਹਾਇਕ ਸਿੱਖਿਆ ਅਫਸਰ ਸਪੋਰਟਸ (ਇਸ ਦਫਤਰ ਵਿਚ)
5) ਵੋਕੇਸ਼ਨਲ ਕੋਆਡੀਨੇਟਰ (ਇਸ ਦਫਤਰ ਵਿਚ)

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ